# ਹੋਲੀ ਕੀਨੀ ਸੰਤ ਸੇਵ:

ਬਸੰਤੁ ਮਹਲਾ ੫ ਘਰੁ ੧ ਦੁਤੁਕੇ
ੴ ਸਤਿਗੁਰ ਪ੍ਰਸਾਦਿ ॥

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਸੰਤ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ। ਇਸ ਦੋ-ਤੁਕੀ ਬਾਣੀ ਨੂੰ ਪਹਿਲੇ ਘਰ ਵਿਚ ਗਾਉਣ ਦੀ ਹਦਾਇਤ ਕੀਤੀ ਗਈ ਹੈ। ਇਸ ਦੇ ਨਾਲ ਮੰਗਲਾ ਚਰਣ ਵਜੋਂ ਮੂਲ ਮੰਤਰ ਦਾ ਛੋਟਾ ਸਰੂਪ ਆਇਆ ਹੈ।

ਗੁਰੁ ਸੇਵਉ ਕਰਿ ਨਮਸਕਾਰ ॥
ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥
ਚਿੰਤ ਲਥੀ ਭੇਟੇ ਗੋਬਿੰਦ ॥੧॥

ਬਸੰਤ ਰਾਗ ਖੇੜੇ ਦਾ ਰਾਗ ਹੈ, ਬਸੰਤ ਰੁਤ ਵਿਚ ਬਨਸਪਤੀ ਖਿੜ ਉਠਦੀ ਹੈ। ਇਥੇ ਅਧਿਆਤਮਕ ਖੇੜੇ ਦੀ ਗਲ ਕੀਤੀ ਗਈ ਹੈ। ਇਹ ਖੇੜਾ ਕਿਵੇਂ ਆਉਂਦਾ ਹੈ ?
ਜਦੋਂ ਗੁਰੂ ਦੀ ਅਰਾਧਨਾ ਰੂਪੀ ਨਮਸਕਾਰ ਕੀਤੀ ਜਾਂਦੀ ਹੈ ਤਾਂ ਉਸ ਨਾਲ ਮਨ ਦੇ ਵਿਚ ਖੇੜਾ, ਖੁਸ਼ੀ ਅਤੇ ਵਡਾ ਅਨੰਦ ਵਰਤ ਜਾਂਦਾ ਹੈ, ਜਿਸ ਅਨੰਦ ਦਾ ਜ਼ਿਕਰ ਵਿਸਥਾਰ ਪੂਰਵਕ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਦੀ ਬਾਣੀ 'ਅਨੰਦ' ਸਾਹਿਬ ਵਿਚ ਆਇਆ ਹੈ। ਗੋਬਿੰਦ ਜੀ, ਭਾਵ, ਗੁਰੂ/ਪ੍ਰਭੂ ਦੇ ਮਿਲਾਪ ਹੋ ਜਾਂਦੇ ਹਨ ਅਤੇ ਹਰ ਤਰ੍ਹਾਂ ਦੀ ਚਿੰਤਾ ਮੁਕ ਜਾਂਦੀ ਹੈ।੧। ਸਭ ਤੋਂ ਵਡੀ ਚਿੰਤਾ ਜਨਮ ਅਤੇ ਮਰਨ ਦੇ ਗੇੜ ਦੀ ਹੁੰਦੀ ਹੈ। ਮੌਤ ਤੋਂ ਵਡਾ ਕੋਈ ਦੁਖ ਨਹੀਂ। ਜਿਵੇਂ ਸ੍ਰੀ ਗੁਰੂ ਅਮਰਦਾਸ

ਸਾਹਿਬ ੫੫੫ ਪੰਨੇ ਤੇ ਫ਼ੁਰਮਾਣ ਕਰਦੇ ਹਨ ਮੌਤ ਦਾ ਵਡਾ ਦੁਖ ਸਾਹਿਬ ਨੂੰ ਸਦਾ ਯਾਦ ਰਖਣ ਨਾਲ ਮੁਕ ਜਾਂਦਾ ਹੈ – 'ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ।। ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ।।'

ਆਜੁ ਹਮਾਰੈ ਗ੍ਰਿਹਿ ਬਸੰਤ ॥
ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥
ਰਹਾਉ ॥

ਕਿਉਂਕਿ ਪ੍ਰਭੂ ਦੇ ਬੇਅੰਤ ਗੁਣਾਂ ਦਾ ਸਿਮਰਨ ਕੀਤਾ ਗਿਆ ਹੈ ਇਸ ਕਰਕੇ ਅਜ ਸਾਡੇ ਮਨ/ਘਰ ਦੇ ਅੰਦਰ ਖੇੜੇ ਦੀ ਅਵੱਸਥਾ ਬਣ ਗਈ ਹੈ।੧।ਰਹਾਉ।

ਆਜੁ ਹਮਾਰੈ ਬਨੇ ਫਾਗ ॥
ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥
ਰੰਗੁ ਲਾਗਾ ਅਤਿ ਲਾਲ ਦੇਵ ॥੨॥

ਗੁਣਾਂ ਦੇ ਗਾਇਨ, ਭਾਵ ਸਿਮਰਨ ਦੇ ਸਦਕਾ ਅਜ ਸਾਡਾ ਖੇੜੇ ਦਾ ਤਿਉਹਾਰ ਬਣ ਗਿਆ ਹੈ, ਕਿਉਂਕਿ ਪ੍ਰਭੂ ਦੇ ਸੰਗੀ ਮਿਲ ਕੇ ਸਾਧ ਸੰਗਤ ਕਰ ਰਹੇ ਹਨ ਅਤੇ ਪ੍ਰਭੂ ਦੀ ਸਿਫ਼ਤ ਸਲਾਹ ਕਰ ਰਹੇ ਹਨ। ਉਨ੍ਹਾਂ ਸੰਤ ਜਨਾਂ ਦੀ ਸੇਵਾ ਰੂਪੀ ਹੋਲੀ ਖੇਡੀ ਗਈ ਹੈ, ਜਿਸ ਸਦਕਾ ਪ੍ਰਭੂ ਦੇ ਨਾਮ ਦਾ ਅਤਿ ਗੂੜ੍ਹਾ ਰੰਗ ਚੜ੍ਹ ਗਿਆ ਹੈ।੨। ਸੋ ਗੁਰੂ ਸਾਹਿਬ ਇਸ ਤਰ੍ਹਾਂ, ਭਾਵ ਸੰਤ ਜਨਾਂ ਦੀ ਸੰਗਤ ਕਰਦੇ ਹੋਏ ਨਾਮ ਜਪਣ ਦੀ ਅਸਲ ਹੋਲੀ ਖੇਡਣ ਦਾ ਰਾਹ ਦਸ ਰਹੇ ਹਨ।

## ਮਨੁ ਤਨੁ ਮਉਲਿਓ ਅਤਿ ਅਨੂਪ ॥
## ਸੂਕੈ ਨਾਹੀ ਛਾਵ ਧੂਪ ॥
## ਸਗਲੀ ਰੂਤੀ ਹਰਿਆ ਹੋਇ ॥
## ਸਦ ਬਸੰਤ ਗੁਰ ਮਿਲੇ ਦੇਵ ॥੩॥

ਇਸੇ ਕਰਕੇ ਮਨ ਅਤੇ ਤਨ ਖਿੜ ਕੇ ਅਤਿ ਸੁੰਦਰ ਹੋ ਗਏ ਹਨ। ਬਾਣੀ ਵਿਚ ਸੁੰਦਰਤਾ ਸਿਮਰਨ ਤੇ ਸਾਧ ਸੰਗਤ ਨਾਲ ਦਸੀ ਗਈ ਹੈ। ਸ੍ਰੀ ਗੁਰੂ ਅਮਰਦਾਸ ਜੀ ਸਾਫ਼ ਸ਼ਬਦਾਂ ਵਿਚ ਫ਼ੁਰਮਾਣ ਕਰਦੇ ਹਨ – 'ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ...'।। ਸ੍ਰੀ ਗੁਰੂ ਅਰਜਨ ਦੇਵ ਜੀ – 'ਸੇਈ ਸੁੰਦਰ ਸੋਹਣੇ।। ਸਾਧ ਸੰਗਿ ਜਿਨ ਬੈਹਣੇ।।'
ਬਨਸਪਤੀ ਤਾਂ ਲਗਾਤਾਰ ਗਰਮ ਧੁਪ ਅਤੇ ਲਗਾਤਾਰ ਧੁਪ ਦੀ ਅਣਹੋਂਦ ਨਾਲ ਮੁਰਝਾ ਜਾਂਦੀ ਹੈ ਪਰ ਇਹ ਉਪਰ ਦਸੀ ਸੁੰਦਰਤਾ ਅਤੇ ਪਰਮ ਅਨੰਦ ਦੀ ਅਵੱਸਥਾ, ਦੁਖ ਸੁਖ ਨਾਲ ਖਤਮ ਨਹੀਂ ਹੁੰਦੀ ਅਤੇ ਸਾਰੀਆਂ ਰੁਤਾਂ ਵਿਚ ਬਣੀ ਰਹਿੰਦੀ ਹੈ, ਪੂਜਣਯੋਗ ਗੁਰੂ ਦੇ ਮਿਲਣ ਨਾਲ ਸਦਾ ਹੀ ਬਸੰਤ ਦੀ, ਭਾਵ, ਖੇੜੇ ਦੀ ਅਵੱਸਥਾ ਬਣ ਜਾਂਦੀ ਹੈ।੩।

## ਬਿਰਖੁ ਜਮਿਓ ਹੈ ਪਾਰਜਾਤ ॥
## ਫੂਲ ਲਗੇ ਫਲ ਰਤਨ ਭਾਂਤਿ ॥
## ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥
## ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥

ਪ੍ਰਭੂ ਦੇ ਸਿਮਰਣ ਅਤੇ ਸਾਧੂ ਸੇਵਾ ਦਾ ਨਤੀਜਾ ਹੈ ਇਹ ਹੁੰਦਾ ਹੈ ਕਿ ਮਨੁਖ ਦੀਆਂ ਸਾਰੀਆਂ ਮਨੋ-ਕਾਮਨਾਵਾਂ ਹਮੇਸ਼ਾਂ ਪੂਰੀਆਂ ਕਰਨ ਵਾਲਾ ਸਿਮਰਨ ਅਤੇ ਸਾਧੂ ਦੀ ਕਿਰਪਾ ਰੂਪੀ ਪਾਰਜਾਤ ਰੂਪੀ ਦਰੱਖਤ ਪ੍ਰਾਪਤ ਹੋ ਜਾਂਦਾ ਹੈ। ਇਸ ਬ੍ਰਿਛ ਤੇ ਭਾਂਤਿ ਭਾਂਤਿ ਦੇ ਫ਼ੁਲ ਅਤੇ ਫ਼ਲ ਲਗਦੇ ਰਹਿੰਦੇ ਹਨ। ਹਰੀ ਦੇ ਗੁਣ ਗਾਉਣ ਦੇ ਨਾਲ ਮਨੁਖ ਦੀ ਤ੍ਰਿਪਤੀ ਦੀ ਅਵੱਸਥਾ ਬਣ ਜਾਂਦੀ ਹੈ। ਇਸੇ ਕਰਕੇ ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਮੈਂ ਵਾਹਗੁਰੂ ਵਾਹਗੁਰੂ ਵਾਹਗੁਰੂ ਧਿਆਉਂਦਾ ਰਹਿੰਦਾ ਹਾਂ।੪।੧।

Last modified: 8:37 am